## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ: ਸਿ ) ਪੰਜਾਬ ਚੰਡੀਗੜ੍ਹ ।
### ਅਮਲਾ - 2 ਸਾਖਾ

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ)
ਪੰਜਾਬ
ਮੀਮੋ ਨੰ: 19/4-2010/ਅਮਲਾ-2 (1)
ਮਿਤੀ ਐਸ.ਏ.ਐਸ. ਨਗਰ: 10/05/2016

ਵਿਸਾ :- ਸੀਐਂਡਵੀ ਕਾਡਰ ਤੋਂ ਮਾਸਟਰ/ਮਿਸਟ੍ਰੈਸ ਕਾਡਰ ਲਈ ਯੋਗਤਾਵਾਂ ਪੂਰੀਆਂ ਕਰਦੇ ਅਧਿਆਪਕਾਂ ਦੀਆਂ ਸੂਚੀਆਂ ਭੇਜਣ ਸਬੰਧੀ ।

ਹਵਾਲਾ: ਇਸ ਦਫਤਰ ਦੇ ਪੱਤਰ ਮੀਮੋ ਨੰ: 19/4-2010/ਅਮਲਾ-2 (1) ਮਿਤੀ ਐਸ.ਏ.ਐਸ. ਨਗਰ: 25-04-2016 ਅਤੇ 05-05-2016 ਅਨੁਸਾਰ

ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਉਪਰੋਕਤ ਵਿਸੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸੀਐਂਡਵੀ ਤੋਂ ਮਾਸਟਰ ਕਾਡਰ ਵਿੱਚ 10 ਪ੍ਰਤੀਸਤ ਕੋਟੇ ਅਧੀਨ ਵੱਖ-ਵੱਖ ਵਿਸਿਆਂ ਵਿੱਚ ਨਿਯਮਾਂ ਅਨੁਸਾਰ ਤਰੱਕੀ ਦਾ ਉਪਬੰਧ ਹੈ ਜਿਸ ਅਨੁਸਾਰ ਉਪਲਬਧ ਪੋਸਟਾਂ ਦੇ ਆਧਾਰ ਤੇ ਯੋਗ ਅਧਿਆਪਕਾਂ ਤੋਂ ਇਹਨਾਂ ਖਾਲੀ ਅਸਾਮੀਆ ਨੂੰ ਪੁਰ ਕਰਨ ਲਈ ਕੇਸ ਮੰਗੇ ਜਾਣੇ ਹਨ। ਉਪਰੋਕਤ ਸਬੰਧੀ ਵਿਸਾ-ਵਾਇਜ ਕੇਸ ਮੰਗੇ ਜਾਣ ਤੋਂ ਪਹਿਲਾਂ ਉਸ ਵਿਸੇ ਦੇ ਕੁੱਲ ਯੋਗ ਅਧਿਆਪਕਾਂ ਦੀ ਗਿਣਤੀ ਵੇਖੀ ਜਾਣੀ ਹੈ ਤਾਂ ਕਿ ਉਪਲਭਧ ਖਾਲੀ ਪੋਸਟਾਂ ਅਨੁਸਾਰ ਹੀ ਸੀਨੀਅਰ ਯੋਗ ਕਰਮਚਾਰੀਆਂ ਤੋਂ ਕੇਸਾਂ ਦੀ ਮੰਗ ਕੀਤੀ ਜਾ ਸਕੇ। ਇਸ ਲਈ ਆਪ ਜੀ ਨੂੰ ਉਕਤ ਹਵਾਲਾ ਪੱਤਰਾਂ ਅਨੁਸਾਰ ਵੱਖ-ਵੱਖ ਵਿਸਿਆਂ ਦੀ ਅਲੱਗ-ਅਲੱਗ ਤੌਰ ਤੇ ਸੀਨੀਆਰਤਾ ਅਨੁਸਾਰ ਲਿਸਟਾਂ ਤਿਆਰ ਕਰਕੇ ਸੂਚਨਾ ਕੰਪਿਊਟਰ ਤੇ ਐਕਸਲ ਸੀਟ ਵਿਚ ਜੁਆਏ ਫੌਂਟ (JOY FONT) ਵਿਚ ਬਣਾ ਕੇ ਪ੍ਰੋਫੋਰਮੇ ਅਨੁਸਾਰ ਇਸ ਦਫਤਰ ਨੂੰ ਈਮੇਲ **adsadpi@gmail.com** ਰਾਂਹੀ ਮਿਤੀ 10-05-2016 ਤੱਕ ਭੇਜਣ ਲਈ ਵਾਧਾ ਕੀਤਾ ਗਿਆ ਸੀ। ਪਰੰਤੂ ਫੀਲਡ ਵਿੱਚੋਂ ਬਹੁਤ ਸਾਰੇ ਸਬੰਧਤ ਅਧਿਆਪਕਾਂ ਵੱਲੋਂ ਇਸ ਦਫਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਸਬੰਧਤ ਦਫਤਰ ਜਿਲ੍ਹਾ ਸਿੱਖਿਆ ਅਫਸਰ ਵੱਲੋਂ ਡੀਡੀਓ/ਅਧਿਆਪਕਾਂ ਨੂੰ ਇਹ ਸੂਚਨਾ ਦੇਰੀ ਨਾਲ ਨੋਟ ਕਰਵਾਈ ਗਈ ਜਿਸ ਕਾਰਨ ਬਹੁਤ ਸਾਰੇ ਅਧਿਆਪਕ ਸਬੰਧਤ ਪ੍ਰੋਫਾਰਮੇ ਤੇ ਆਪਣੀ ਸੂਚਨਾ ਨਹੀਂ ਭੇਜ ਸਕੇ। ਇਹ ਇੱਕ ਗੰਭੀਰ ਮਾਮਲਾ ਹੈ। ਇਸ ਲਈ ਸਬੰਧਿਤ ਜਿਲ੍ਹਾ ਸਿੱਖਿਆ ਅਫਸਰ ਵੱਲੋਂ ਇਹ ਸੂਚਨਾ ਵਿਸਾ ਵਾਇਜ ਅਤੇ ਸੀਨੀਆਰਤਾ ਵਾਇਜ ਕੰਸੋਲੀਡੇਟਸਕੂਲ ਕਰਕੇ ਹਰ ਹਾਲਤ ਵਿੱਚ ਡਾਟਾ ਸਿੱਧਾ ਡਾਇਰੈਕਟੋਰੇਟ ਦੀ ਈਮੇਲ ਤੇ ਮਿਤੀ 14-05-2016 ਤੱਕ ਭੇਜਣਗੇ। ਜਿਲਾ ਸਿੱਖਿਆ ਅਫਸਰ ਮਿਤੀ ਸਮੇਤ ਸਹੀ ਕਰਕੇ ਸਰਟੀਫਿਕੇਟ ਦੇਣਗੇ ਕਿ ਉਹਨਾਂ ਵੱਲੋਂ ਕੰਸੋਲੀਡੇਟ ਕਰਕੇ ਭੇਜੀ ਗਈ ਸੂਚਨਾ ਵਿੱਚ ਦਰਸਾਏ ਅਧਿਆਪਕਾਂ ਤੋਂ ਇਲਾਵਾ ਕੋਈ ਵੀ ਹੋਰ ਅਧਿਆਪਕ ਦੇ ਵੇਰਵੇ ਦਰਜ ਹੋਣੇ ਬਾਕੀ ਨਹੀਂ ਰਹਿੰਦੇ। ਇਹ ਸੂਚਨਾ ਉਪਰੋਕਤ **ਮਿਤੀ 14-05-2016** ਤੱਕ ਭੇਜਣੀ ਯਕੀਨੀ ਬਣਾਈ ਜਾਵੇ।

ਨੋਟ: ਸਮੂਹ ਜਿਲ੍ਹਾ ਸਿੱਖਿਆ ਅਫਸਰ ਵੱਲੋਂਆਪਣੇ ਅਧੀਨ ਸਕੂਲ ਮੁੱਖੀਆਂ ਨੂੰ ਆਪਣੀ ਈਮੇਲ ਤੋਂ ਡਾਇਰੈਕਟੋਰੇਟ ਦੀ ਈਮੇਲ ਸਿੱਧੇ ਤੌਰ ਤੇ ਵਿਸਾ ਦਰਜ ਸੂਚਨਾ ਨਾ ਭੇਜਣ ਦੀ ਹਦਾਇਤ ਕੀਤੀ ਜਾਵੇ।

10/5/2016
ਸਹਾਇਕ ਡਾਇਰੈਕਟਰ (ਸ:ਪ੍ਰ:-2 )

ਪਿੱਠ ਅੰਕਣ ਨੰ ਅਤੇ ਮਿਤੀ ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ / ਯੋਗ ਕਾਰਵਾਈ ਹਿੱਤ ਭੇਜਿਆ ਜਾਦਾ ਹੈ।

1 ਪੀਏ ਟੂ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ।
2 ਪੀਏ ਟੂ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ. ਨਗਰ।
3 ਪੀਏ ਟੂ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਯੂ.ਟੀ., ਚੰਡੀਗੜ੍ਹ (ਪੰਜਾਬ ਤੋਂ ਯੂਟੀ ਵਿਖੇ ਡੈਪੂਟੇਸਨ ਤੇ ਸਬੰਧਿਤ ਕਰਮਚਾਰੀਆਂ ਦੀ ਸੂਚਨਾ ਭੇਜਣ ਸਬੰਧੀ)
4 ਮੰਡਲ ਸਿੱਖਿਆ ਅਫਸਰ ਨਾਭਾ/ਫਰੀਦਕੋਟ/ਜਲੰਧਰ।

10/5/2016
ਸਹਾਇਕ ਡਾਇਰੈਕਟਰ (ਸ ਪ 2 )